# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 28 ਅਪ੍ਰੈਲ 2025 ਦਿਨ ਸੋਮਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੀ ਮਾਸਿਕ ਇਕੱਤਰਤਾ ਹੋਈ

ਵਰਲਡ ਪੰਜਾਬੀ ਟਾਈਮਜ਼ — ਅੰਜੂ ਅਮਨਦੀਪ ਗਰੋਵਰ

ਚੰਡੀਗੜ੍ਹ, 28 ਅਪ੍ਰੈਲ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ ਪੰਜਾਬ ਕਲਾ ਭਵਨ ਸੈਕਟਰ 16 ਚੰਡੀਗੜ੍ਹ ਵਿਖੇ ਕਵੀ ਦਰਬਾਰ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਡਾ. ਮੇਹਰ ਮਾਣਕ ਜੀ(ਰਾਇਤ-ਬਾਹਰਾ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਤੇ ਉੱਘੇ ਕਵੀ)ਨੇ ਕੀਤੀਅਤੇ ਸ. ਗੁਰਵਿੰਦਰ ਸਿੰਘ ਜੌਹਲ ਜੀ(ਪੀ.ਸੀ.ਐੱਸ. ਅਧਿਕਾਰੀ ਅਤੇ ਉੱਘੇ ਕਵੀ)ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਭ ਤੋਂ ਪਹਿਲਾਂ ਪਹਿਲਗਾਮ ਵਿੱਚ ਹੋਏ ਹਮਲੇ ਦੌਰਾਨ ਮਾਰੇ ਗਏ ਸੈਲਾਨੀਆਂ ਨੂੰ



ਅਤੇ ਕੇਂਦਰ ਦੇ ਸੁਹਿਰਦ ਮੈਂਬਰ ਸਿਮਰਜੀਤ ਕੌਰ ਗਰੇਵਾਲ ਦੇ ਭਰਾ ਦੀ ਬੇਵਕਤਾ ਅਕਾਲ ਚਲਾਣੇ ਤੇ ਦੋ ਮਿੰਟ ਦਾ ਮੌਨ ਧਾਰ ਕੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਫੇਰ ਕੇਂਦਰ ਦੇ ਕਾਰਜਕਾਰਨੀ ਪ੍ਰਧਾਨ ਸ਼੍ਰੀਮਤੀ ਪਰਮਜੀਤ ਕੌਰ ਪਰਮ ਜੀ ਨੇ ਆਏ ਹੋਏ ਸਾਹਿਤਕਾਰਾਂ ਨੂੰ ਜੀ ਆਇਆਂ ਕਿਹਾ ਤੇ ਅੱਜ ਦੇ ਸਮਾਗਮ ਬਾਰੇ ਜਾਣੂੰ ਕਰਵਾਇਆ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਮਾਣਯੋਗ ਸ਼ਖਸ਼ੀਅਤਾਂ ਦਾ ਸਵਾਗਤ ਕੀਤਾ।ਪਾਲ ਅਜਨਬੀ ਜੀ ਨੇ ਸ. ਗੁਰਵਿੰਦਰ ਸਿੰਘ ਜੌਹਲ ਜੀ ਨਾਲ ਆਪਣੀ ਸਾਂਝ ਬਾਰੇ ਚਾਨਣਾ ਪਾਇਆ ।ਦਰਸ਼ਨ ਤਿਉਣਾ,ਬਲਵਿੰਦਰ ਢਿੱਲੋਂ, ਲਾਭ ਸਿੰਘ ਲਹਿਲੀ, ਗੁਰਦਾਸ ਦਾਸ, ਮਲਕੀਤ ਬਸਰਾ , ਚਰਨਜੀਤ ਕਲੇਰ,ਪ੍ਰਤਾਪ ਪਾਰਸ ਤੇ ਦਵਿੰਦਰ ਕੌਰ ਢਿੱਲੋਂ ਨੇ ਤਰੰਨੁਮ ਵਿੱਚ ਆਪਣੀਆਂ ਰਚਨਾਂਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਪਾਲ ਅਜਨਬੀ,ਨਰਿੰਦਰ ਕੌਰ ਲੌਂਗੀਆ,ਦਰਸ਼ਨ ਸਿੰਘ ਸਿੱਧੂ,ਰਜਿੰਦਰ ਕੌਰ ਸਰਾਓ,ਅਸ਼ਵਨੀ ਕੁਮਾਰ,ਸੁਰਿੰਦਰ ਗਿੱਲ,ਰਜਿੰਦਰ ਧੀਮਾਨ,ਮਨਜੀਤ ਕੌਰ ਮੁਹਾਲੀ,ਰਤਨ ਬਾਬਕ ਵਾਲਾ, ਜਰਿੰਦਰ ਜੱਗਾ, ਹਰਜੀਤ ਸਿੰਘ,ਤਲਵਿੰਦਰ ਸਿੰਘ ਤੇ ਸੀਨੀਅਰ ਪੱਤਰਕਾਰ ਅਜਾਇਬ ਔਜਲਾ ਆਦਿ ਨੇ ਬਹੁਤ ਹੀ ਖੂਬਸੂਰਤ ਰਚਨਾਂਵਾਂ ਨਾਲ ਆਪਣੀ ਹਾਜ਼ਰੀ ਲਵਾਈ। ਗੁਰਮੇਲ ਸਿੰਘ ਮੌਜੋਵਾਲ ਜੀ ਨੇ ਪੰਜਾਬੀ ਭਾਸ਼ਾ ਪ੍ਰਤੀ ਚਿੰਤਾ ਪ੍ਰਗਟਾਈ ਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਇੱਕ ਮੁੱਠ ਹੋ ਕੇ ਯਤਨ ਕਰਨੇ ਚਾਹੀਦੇ ਹਨ। ਅੱਜ ਦੇ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਸ. ਗੁਰਵਿੰਦਰ ਸਿੰਘ ਜੌਹਲ ਜੀ ਨੇ ਕਿਹਾ ਕਿ ਮੈਂ ਪ੍ਰਧਾਨਗੀ ਵਾਸਤੇ ਨਹੀਂ ਆਇਆ ਸਗੋਂ ਸਹਿਤਕਾਰ ਬਣ ਕੇ ਆਇਆਂ ਹਾਂ। ਉਹਨਾਂ ਨੇ ਬਹੁਤ ਹੀ ਖੂਬਸੂਰਤ ਗਜ਼ਲ

"ਚੰਨ ਸੂਰਜ ਚਿਰਾਗ ਹੁੰਦੇ ਨੇ,
ਉਹ ਜੋ ਰੌਸ਼ਨ ਦਿਮਾਗ ਹੁੰਦੇ ਨੇ।
ਬਾਗ ਦਿਲ ਦਾ ਉਜਾੜ ਕੇ ਲੋਕੀਂ,ਕਿਉਂ ਬਾਗੋ ਬਾਗ ਹੁੰਦੇ ਨੇ"ਸੁਣਾ ਕੇ ਸ਼ਾਇਰਾਨਾ ਮਾਹੌਲ ਬਣਾ ਦਿੱਤਾ।

ਪ੍ਰਧਾਨਗੀ ਕਰ ਰਹੇ ਡਾ. ਮਾਹਰ ਮਾਣਕ ਜੀ ਨੇ ਸਾਹਿਤ ਵਿਗਿਆਨ ਕੇਂਦਰ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਆਪਣੀ ਬਹੁਤ ਹੀ ਖੂਬਸੂਰਤ ਲਿਖਤ

"ਜਿੱਥੇ ਭੀੜਾਂ ਹੁੰਦੀਆਂ ਨੇ
ਉੱਥੇ ਮੈਂ ਨਹੀਂ ਹੁੰਦਾ " ਸਰੋਤਿਆਂ ਨਾਲ ਸਾਂਝੀ ਕੀਤੀ।ਮੰਚ ਸੰਚਾਲਨ ਦਵਿੰਦਰ ਕੌਰ ਢਿੱਲੋਂ ਨੇ ਬਾਖੂਬੀ ਨਿਭਾਇਆ।

## ਗੁਰਦੁਆਰਾ ਬਾਬਾ ਭਾਈ ਸਾਂਈ ਦਾਸ ਜੀ ਦੇ ਕੁਲਦੀਪ ਸਿੰਘ ਸਿੱਧੂ ਪ੍ਰਧਾਨ ਬਣੇ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ, 28 ਅਪ੍ਰੈਰਲ : ਨੇੜਲੇ ਪਿੰਡ ਹਰੀ ਨੌਂ ਵਿਖੇ ਮੱਸਿਆ ਦੇ ਸ਼ੁੱਭ ਦਿਹਾੜੇ 'ਤੇ ਗੁਰਦੁਆਰਾ ਬਾਬਾ ਭਾਈ ਸਾਂਈ ਦਾਸ ਜੀ ਦੀ ਪ੍ਰਬੰਧਕ ਕਮੇਟੀ ਦੀ ਚੋਣ ਕੀਤੀ ਗਈ। ਹਰ ਸਾਲ ਦੀ ਤਰ੍ਹਾਂ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਚੋਣ ਕੀਤੀ ਜਾਂਦੀ ਹੈ। ਜਿਸ ਵਿੱਚ ਕੁਲਦੀਪ ਸਿੰਘ ਸਿੱਧੂ ਨੂੰ ਪ੍ਰਧਾਨ, ਗੁਰਜੰਟ ਸਿੰਘ,



ਸੁਖਦੇਵ ਸਿੰਘ ਅਤੇ ਇਕੱਤਰ ਸਿੰਘ ਨੂੰ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ। ਪੁਰਾਣੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਸਿਰਪਾਓ ਪਾ ਕੇ ਸਨਮਾਨਿਤ ਕੀਤਾ ਗਿਆ, ਜਿੰਨ੍ਹਾਂ ਵਿੱਚ ਫਤਿਹ ਸਿੰਘ ਹਕੀਮ, ਗੁਰਤੇਜ ਸਿੰਘ ਪ੍ਰਧਾਨ ਅਤੇ ਸੋਹਣ ਸਿੰਘ ਸਨ। ਇੱਥੇ ਹਰ ਮਹੀਨੇ ਮੱਸਿਆ ਦਾ ਦਿਹਾੜਾ ਵੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਰਣਜੀਤ ਸਿੰਘ, ਸੇਵਾਦਾਰ ਕਾਲਾ ਸਿੰਘ, ਸੇਵਕ ਸਿੰਘ, ਮਾਸਟਰ ਗੇਜ ਰਾਮ ਭੌਰਾ, ਸਾਬਕਾ ਸਰਪੰਚ ਬਲਵਿੰਦਰ ਸਿੰਘ, ਬੋਹੜ ਸਿੰਘ, ਮਲਕੀਤ ਸਿੰਘ ਗ੍ਰੰਥੀ, ਲਖਵੀਰ ਸਿੰਘ ਗ੍ਰੰਥੀ, ਮਾਸਟਰ ਬਲੌਰ ਸਿੰਘ ਅਤੇ ਜੋਗਾ ਸਿੰਘ ਖਾਲਸਾ ਸਮੇਤ ਸਮੂਹ ਸੰਗਤਾਂ ਵੀ ਹਾਜ਼ਰ ਸਨ।

## ਬੇਗਾਨੇ ਵੀ ਤਾਂ ਨਹੀਂ ਉਹ

ਵਰਲਡ ਪੰਜਾਬੀ ਟਾਈਮਜ਼ — ਡਾ ਜਸਵੀਰ ਸਿੰਘ ਗਰੇਵਾਲ

ਮੇਰੇ ਅਰਮਾਨਾਂ ਦੀ ਕਿਆਰੀ
ਭਾਂਵੇ ਅੱਜ ਉਜਾੜ ਗਏ ਨੇ ਉਹ।

ਬਣਾਈ ਸੀ ਘਾਹ ਫੂਸ ਦੀ ਕੁੱਲੀ
ਉਹ ਵੀ ਸਾੜ ਗਏ ਨੇ ਉਹ।

ਠੰਡ ਦਾ ਕੁੱਟਿਆ ਠਰ ਰਿਹਾ
ਮਹਿਲਾਂ ਦੀ ਨੀਂਹ ਧਰ ਗਏ ਉਹ।

ਗਰੇਵਾਲ ਗੈਰਾਂ ਤੇ ਕਾਹਦਾ ਗੁੱਸਾ
ਆਪਣੇ ਵੀ ਤਾਂ ਆਪਣੇ ਨਹੀਂ ਉਹ।

ਖੁਸ਼ੀਂ ਵੱਤਰ ਉਗਦੇ ਨਹੀਂ ਬੀਜ
ਨਵੀਂ ਤੇ ਗਰਮਾਹਟ ਤੋਂ ਰਹਿਤ ਉਹ।

ਦਿਲ ਦੀ ਨਿਆਈਂ ਵੀ ਬੰਜਰ ਹੋਈ
ਗਰੇਵਾਲ ਆਪੇ ਹੀ ਸਮਝਣ ਉਹ।

ਦਸ ਰੰਜ ਕਿਸ ਨਾਲ ਕਿੱਦਾਂ ਕਰਾਂ
ਹੈ ਸੱਚੀਂ ਬੇਗਾਨੇ ਵੀ ਤਾਂ ਨਹੀਂ ਉਹ।

## ਮਾਨਸਰੋਵਰ ਸਾਹਿਤ ਅਕਾਦਮੀ ਦੇ "ਮਹਿਕਦੀ ਸ਼ਾਮ" ਲਾਈਵ ਪ੍ਰੋਗਰਾਮ ਨੂੰ ਪ੍ਰੋ. ਭੋਲਾ ਯਮਲਾ ਜੀ ਨੇ ਯਾਦਗਾਰ ਬਣਾ ਦਿੱਤਾ- ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼ — ਅਸ਼ੋਕ ਸ਼ਰਮਾ

ਫਗਵਾੜਾ 28 ਅਪ੍ਰੈਲ : ਪੰਜਾਬੀ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 27 ਅਪ੍ਰੈਲ ਦਿਨ ਐਤਵਾਰ ਨੂੰ ਸ਼ਾਮ 6:30 ਵਜੇ "ਮਹਿਕਦੀ ਸ਼ਾਮ" ਲਾਈਵ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦੀ ਮੇਜ਼ਬਾਨੀ ਕਰਦੇ ਹੋਏ ਮਹਿੰਦਰ ਸੂਦ ਵਿਰਕ ਜੀ ਨੇ ਪ੍ਰੋ. ਭੋਲਾ ਯਮਲਾ ਜੀ (ਚੇਅਰਮੈਨ ਇੰਡਿਕ ਆਰਟਸ ਵੈਲਫ਼ੇਅਰ ਕੌਂਸਲ) ਨੂੰ ਸਰੋਤਿਆਂ ਦੇ ਰੂ- ਬ -ਰੂ ਕਰਵਾਇਆ। "ਮਹਿਕਦੀ ਸ਼ਾਮ" ਪ੍ਰੋਗਰਾਮ ਨੂੰ ਸੂਦ ਵਿਰਕ ਜੀ ਨੇ ਸ਼ਾਨਦਾਰ ਅੰਦਾਜ਼ ਵਿੱਚ ਪੇਸ਼ ਕੀਤਾ ਅਤੇ ਪ੍ਰੋ. ਭੋਲਾ ਯਮਲਾ ਜੀ ਨੇ ਆਪਣੀ ਮਿੱਠੀ ਆਵਾਜ਼ ਅਤੇ ਸਕੂਨ ਭਰਪੂਰ ਗੀਤਾਂ ਦੇ ਨਾਲ ਸਰੋਤਿਆਂ ਦੇ ਮਨਾਂ ਅੰਦਰ ਸਕੂਨ ਭਰ ਦਿੱਤਾ। ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਦੇ ਸੰਸਥਾਪਕ ਮਾਨ ਸਿੰਘ ਸੁਥਾਰ ਜੀ ਅਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਅਤੇ ਇਸ ਪ੍ਰੋਗਰਾਮ ਦੇ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਨੇ ਪ੍ਰੋ. ਭੋਲਾ ਯਮਲਾ ਜੀ ਦਾ ਵਿਸੇਸ਼ ਤੌਰ ਤੇ ਧੰਨਵਾਦ ਕਰਦਿਆਂ ਕਿਹਾ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਪੰਜਾਬੀ ਮਾਂ ਬੋਲੀ ਲਈ ਵਚਨਬੱਧ ਹੈ ਅਤੇ ਇਸ ਤਰ੍ਹਾਂ ਦੇ ਉਪਰਾਲੇ ਸੰਸਥਾ ਵੱਲੋਂ ਲਗਾਤਾਰ ਕੀਤੇ ਜਾ ਰਹੇ ਹਨ।




## ਦਸਮੇਸ਼ ਕਾਨਵੈਂਟ ਸਕੂਲ ਭਾਣਾ ਵਿਖੇ ਧਰਤੀ ਦਿਵਸ ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ, 28 ਅਪ੍ਰੈਲ : ਨੇੜਲੇ ਪਿੰਡ ਭਾਣਾ ਦੇ ਦਸਮੇਸ਼ ਕਾਨਵੈਂਟ ਸਕੂਲ ਵਿੱਚ ਧਰਤੀ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਬੱਚਿਆਂ ਨੇ ਸਕੂਲ ਅਸੈਂਬਲੀ ਵਿੱਚ ਧਰਤੀ ਦਿਵਸ ਦੇ ਸੰਬੰਧ ਵਿਚ ਬਹੁਤ ਹੀ ਸੁੰਦਰ ਸਪੀਚ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਬੱਚੇ ਆਪਣੇ ਘਰਾਂ ਤੋਂ ਬਹੁਤ ਹੀ ਸੁੰਦਰ-ਸੁੰਦਰ ਬੂਟੇ ਆਪਣੇ ਸਕੂਲ ਵਿਚ ਲਗਾਉਣ ਲਈ ਲੈ ਕੇ ਆਏ। ਸਕੂਲ ਦੇ ਸਰਪ੍ਰਸਤ ਅਜਮੇਰ ਸਿੰਘ ਧਾਲੀਵਾਲ ਨੇ ਬੱਚਿਆਂ ਦੇ ਨਾਲ ਉਨ੍ਹਾਂ ਬੂਟਿਆਂ




ਨੂੰ ਲਵਾਇਆ ਅਤੇ ਰੁੱਖਾਂ ਦੀ ਮਨੁੱਖਾਂ ਦੇ ਜੀਵਨ ਵਿਚ ਮਹੱਤਵਪੂਰਨ ਦੇਣ ਬਾਰੇ ਸਮਝਾਇਆ। ਇਸਦੇ ਨਾਲ ਸਕੂਲ ਦੇ ਚੇਅਰਮੈਨ ਸ. ਕਰਨਵੀਰ ਸਿੰਘ ਧਾਲੀਵਾਲ ਜੀ ਨੇ ਬੱਚਿਆਂ ਨੂੰ ਹੱਲਾ-ਸ਼ੇਰੀ ਦਿੰਦੇ ਹੋਏ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਲਗਾਏ ਰੁੱਖਾਂ ਦੀ ਸਾਂਭ-ਸੰਭਾਲ ਕਰਨ ਦੀ ਪ੍ਰੇਰਨਾ ਦਿੱਤੀ। ਇਹ ਸਾਰਾ ਪ੍ਰੋਗਰਾਮ ਸਕੂਲ ਦੇ ਮਾਨਯੋਗ ਪ੍ਰਿੰਸੀਪਲ ਸ਼੍ਰੀਮਤੀ ਸੁਰਜੀਤ ਕੌਰ ਜੀ ਦੀ ਅਗਵਾਈ ਵਿਚ ਹੋਇਆ। ਉਨ੍ਹਾਂ ਨੇ ਬੱਚਿਆਂ ਨੂੰ ਪਲਾਸਟਿਕ ਦੇ ਸਮਾਨ ਅਤੇ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨੂੰ ਸੌ ਫੀਸਦੀ ਬੰਦ ਕਰਨ ਲਈ ਸਹਿਯੋਗ ਦੇਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਤੇ ਸਕੂਲ ਦੇ ਡਾਇਰੈਕਟਰ ਮੈਡਮ ਕੁਲਵਿੰਦਰ ਕੌਰ ਧਾਲੀਵਾਲ ਜੀ, ਸਕੂਲ ਦੇ ਕੋਆਰਡੀਨੇਟਰਜ਼ ਮੈਡਮ ਮਧੂ ਬਾਲਾ, ਮੈਡਮ ਰਾਜਵੰਤ ਵਾਲੀਆ, ਮੈਡਮ ਨਿਸ਼ਾ ਗਰੋਵਰ, ਮੈਡਮ ਹਰਜਿੰਦਰ ਕੌਰ, ਮੈਡਮ ਅਬਜੀਤ ਪੁਰੀ ਗਿੱਲ ਅਤੇ ਸਕੂਲ ਦਾ ਸਮੂਹ ਸਟਾਫ ਵੀ ਹਾਜ਼ਿਰ ਸੀ।

## ਮਾਪਿਆਂ ਦਾ ਨੌਜਵਾਨ ਪੁੱਤਰ ਅਤੇ ਚਾਰ ਭੈਣਾ ਇਕਲੌਤਾ ਭਰਾ ਚੜ੍ਹਿਆ ਨਸ਼ੇ ਦੀ ਭੇਂਟ

### ਮ੍ਰਿਤਕ ਦੇ ਵਾਰਸਾਂ ਨੇ ਪੰਜਾਬ ਸਰਕਾਰ ਤੋਂ ਨਸ਼ਾ ਤਸਕਰੀ ਰੋਕਣ ਦੀ ਕੀਤੀ ਮੰਗ

ਵਰਲਡ ਪੰਜਾਬੀ ਟਾਈਮਜ਼

ਕੋਟਕਪੂਰਾ, 28 ਅਪ੍ਰੈਰਲ : ਸਥਾਨਕ ਸ਼ਹਿਰ ਦੇ ਨਾਲ ਲੱਗਦੇ ਪਿੰਡ ਕੋਠੇ ਵੜਿੰਗ ਦੀ ਬਾਜ਼ੀਗਰ ਬਸਤੀ ਦੇ ਵਸਨੀਕ ਦਲਿਤ ਪਰਿਵਾਰ ਨਾਲ ਸਬੰਧਤ ਨੌਜਵਾਨ ਉਕਰਪਾਲ ਸਿੰਘ (27) ਪੁੱਤਰ ਪ੍ਰਿਤਪਾਲ ਸਿੰਘ ਵੀ ਨਸ਼ੇ ਦੀ ਗ੍ਰਿਫ਼ਤ 'ਚ ਆ ਕੇ ਆਪਣੀ ਜਾਨ ਗੁਆ ਬੈਠਾ। ਉਹ ਆਪਣੇ ਘਰ ਅੰਦਰ ਹੀ ਮ੍ਰਿਤਕ ਹਾਲਤ ਵਿੱਚ ਪਾਇਆ ਗਿਆ ਅਤੇ ਉਸ ਦੀ ਬਾਂਹ 'ਤੇ ਲੱਗੀ ਸਰਿੰਜ ਵਾਰਸਾਂ ਨੇ ਆਪ ਲਾਹੀ ਹੈ। ਮ੍ਰਿਤਕ ਨੌਜਵਾਨ ਅਜੇ ਕੁਆਰਾ ਸੀ ਅਤੇ ਚਾਰ ਭੈਣਾਂ ਦਾ



ਇਕਲੌਤਾ ਭਰਾ ਸੀ। ਉਸ ਦੀਆਂ ਭੈਣਾਂ 'ਚੋਂ ਦੋ ਵਿਆਹੀਆਂ ਹੋਈਆਂ ਹਨ। ਮ੍ਰਿਤਕ ਨੌਜਵਾਨ ਦਾ ਪਿਤਾ ਪ੍ਰਿਤਪਾਲ ਸਿੰਘ ਜੋ ਕਿ ਮਜ਼ਦੂਰੀ ਕਰਦਾ ਹੈ, ਉਸ ਸਮੇਤ ਨਾਨਾ ਪਿਆਰਾ ਸਿੰਘ, ਮਾਮਾ ਜਲੰਧਰ ਸਿੰਘ ਵਾੜਾਦਰਾਕਾ ਅਤੇ ਬਸਤੀ ਦੇ ਸਰਪੰਚ ਸੁਖਚੈਨ ਸਿੰਘ ਬਾਬਾ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਨਸ਼ਿਆਂ ਦੀ ਤਸਕਰੀ ਨੂੰ ਸਖ਼ਤੀ ਨਾਲ ਰੋਕਿਆ ਜਾਵੇ ਤਾਂ ਜੋ ਉਕਰਪਾਲ ਸਿੰਘ ਘਾਰੂ ਵਰਗੇ ਹੋਰ ਨੌਜਵਾਨ ਮੌਤ ਦੇ ਮੂੰਹ 'ਚ ਜਾਣੋ ਬਚ ਸਕਣ। ਉਨ੍ਹਾਂ ਕਿਹਾ ਕਿ ਅਜੇ ਵੀ ਨਸ਼ੇ ਵਿਕ ਰਹੇ ਹਨ ਅਤੇ ਬੰਦ ਨਹੀਂ ਹੋਏ। ਮ੍ਰਿਤਕ ਦੀ ਮਾਤਾ ਪਰਮਜੀਤ ਕੌਰ ਨੇ ਰੋਂਦਿਆਂ ਕਿਹਾ ਕਿ 'ਪੁੱਤ ਮਾਵਾਂ ਦੇ ਕੋਲ ਰਹਿਣੇ ਚਾਹੀਦੇ ਨੇ'। ਮ੍ਰਿਤਕ ਨੌਜਵਾਨ ਦੇ ਜੀਜਾ ਜਗਤਾਰ ਸਿੰਘ ਰੋੜੀਕਪੂਰਾ ਨੇ ਦੱਸਿਆ ਕਿ ਉਕਰਪਾਲ ਸਿੰਘ ਕਣਕ ਦਾ ਸੀਜ਼ਨ ਹੋਣ ਕਾਰਨ ਉਸ ਕੋਲ ਪਿੰਡ ਰੋੜੀਕਪੂਰਾ ਵਿਖੇ ਮਿਹਨਤ-ਮਜ਼ਦੂਰੀ ਕਰਨ ਲਈ ਆਇਆ ਹੋਇਆ ਸੀ ਅਤੇ ਉਹ ਘਰੇ ਬਾਜ਼ੀਗਰ ਬਸਤੀ ਵਿਖੇ ਕੱਪੜੇ ਬਦਲ ਕੇ ਆਉਣ ਦਾ ਕਹਿ ਕੇ ਪਿੰਡ ਆਇਆ ਸੀ, ਜਿੱਥੇ ਕਿ ਨਸ਼ੇ ਕਾਰਨ ਉਸ ਦੀ ਮੌਤ ਹੋ ਗਈ।

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼ — ਮਹਿੰਦਰ ਸਿੰਘ ਮਾਨ

ਜਿਨ੍ਹਾਂ ਨੇ ਟਿੱਚ ਸਮਝੀ ਦੋਸਤੀ ਸਾਡੀ,
ਕਿਵੇਂ ਉਹ ਜਰਨਗੇ ਕੋਈ ਖ਼ੁਸ਼ੀ ਸਾਡੀ?

ਅਸੀਂ ਹਾਂ ਧੰਨਵਾਦੀ ਬਹੁਤ ਦੁੱਖਾਂ ਦੇ,
ਇਹ ਕੁਝ ਲਿਸ਼ਕਾ ਗਏ ਨੇ ਜ਼ਿੰਦਗੀ ਸਾਡੀ।

ਗੁਜ਼ਾਰਨ ਲੱਗੇ ਜੀਵਨ ਸਾਡੇ ਵਾਂਗੂੰ ਉਹ,
ਜਿਨ੍ਹਾਂ ਨੂੰ ਚੰਗੀ ਲੱਗੀ ਸਾਦਗੀ ਸਾਡੀ।

ਅਸੀਂ ਮੌਕੇ ਮੁਤਾਬਕ ਕਦਮ ਚੁੱਕਦੇ ਹਾਂ,
ਨਾ ਇਸ ਨੂੰ ਸਮਝੋ ਯਾਰੋ, ਬੁਜ਼ਦਿਲੀ ਸਾਡੀ।

ਸ਼ਬਦ ਔਖੇ ਨਾ ਗ਼ਜ਼ਲਾਂ ਵਿੱਚ ਵਰਤਦੇ ਹਾਂ,
ਹਰਿਕ ਨੂੰ ਸਮਝ ਆਵੇ ਸ਼ਾਇਰੀ ਸਾਡੀ।

ਕਰਾਂਗੇ ਦੂਰ ਨ੍ਹੇਰਾ ਚਾਰੇ ਪਾਸੇ ਦਾ,
ਹੋਈ ਸੂਰਜ ਤਰ੍ਹਾਂ ਜਦ ਰੌਸ਼ਨੀ ਸਾਡੀ।

ਅਸੀਂ ਹਾਜ਼ਰ ਹੋ ਜਾਵਾਂਗੇ ਉਦੋਂ 'ਮਾਨਾ',
ਜਦੋਂ ਮਹਿਸੂਸ ਕੀਤੀ ਤੂੰ ਕਮੀ ਸਾਡੀ।